

ਨਾਮਧਾਰੀ ਸੰਤ ਖਾਲਸੇ ਦੀ ਸਿਰਜਨਾਂ ਤੋਂ ਪਹਿਲਾਂ

19ਵੀਂ ਸਦੀ ਦੌਰਾਨ ਲੋਕਾਂ ਵਿਚ ਬਹੁਤ ਗਿਰਾਵਟਾਂ ਆ ਚੁੱਕੀਆਂ ਸਨ। ਵੇਸਵਾ ਗਮਨ, ਮਾਸ-ਸ਼ਰਾਬ, ਜੂਆ, ਚੋਰੀ-ਯਾਰੀ, ਜੰਮਦੀਆਂ ਕੁੜੀਆਂ ਨੂੰ ਮਾਰਨਾ, ਵੇਚਣਾਂ, ਵੱਟਾ ਕਰਨਾ, ਬਾਲ ਵਿਆਹ, ਸਤੀ ਪ੍ਰਥਾ ਅਤੇ ਸਿੱਖੀ ਤੋਂ ਪਤਿਤ ਅਤੇ ਲੁੱਟ-ਖਸੁੱਟ ਵਰਗੀਆਂ ਕੁਰੀਤੀਆਂ ਵਿਚ ਲੋਕ ਗ੍ਰਸੇ ਹੋਏ ਸਨ।

Before the creation of Namdhari Sant Khalsa

In the 19th century, many evils were prevailing in the society i.e. Killing girl child in infancy, sale or barter of women. child marriage, sati pratha, use of alcohol and intoxicants, prostitution and gambling etc.



ਨਾਮਧਾਰੀ ਸੰਤ ਖਾਲਸੇ ਦੀ ਸਿਰਜਨਾਂ ਤੋਂ ਪਹਿਲਾਂ

19ਵੀਂ ਸਦੀ ਦੌਰਾਨ ਲੋਕਾਂ ਵਿਚ ਬਹੁਤ ਗਿਰਾਵਟਾਂ ਆ ਚੁੱਕੀਆਂ ਸਨ। ਵੇਸਵਾ ਗਮਨ, ਮਾਸ-ਸ਼ਰਾਬ, ਜੂਆ, ਚੋਰੀ-ਯਾਰੀ, ਜੰਮਦੀਆਂ ਕੁੜੀਆਂ ਨੂੰ ਮਾਰਨਾ, ਵੇਚਣਾਂ, ਵੱਟਾ ਕਰਨਾ, ਬਾਲ ਵਿਆਹ, ਸਤੀ ਪ੍ਰਥਾ ਅਤੇ ਸਿੱਖੀ ਤੋਂ ਪਤਿਤ ਅਤੇ ਲੁੱਟ-ਖਸੁੱਟ ਵਰਗੀਆਂ ਕੁਰੀਤੀਆਂ ਵਿਚ ਲੋਕ ਗ੍ਰਸੇ ਹੋਏ ਸਨ।

Before the creation of Namdhari Sant Khalsa

In the 19th century, many evils were prevailing in the society i.e. Killing girl child in infancy, sale or barter of women. child marriage, sati pratha, use of alcohol and intoxicants, prostitution and gambling etc.



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ

ਇਸ ਚਿੱਤਰ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ ਸਮੇਂ ਦੀ ਅਲੌਕਿਕ ਘਟਨਾ ਨੂੰ ਚਿਤਰਿਆ ਗਿਆ ਹੈ। ਇਹ ਘਟਨਾ ਮਾਘ ਸੁਦੀ ਪੰਚਮੀ ਤੇ ਛੇਵੀਂ ਦੀ ਰਾਤ ਸਮੰਤ 1872 ਬਿਕ੍ਰਮੀ (1816 ਈਸਵੀ) ਪਿੰਡ ਰਾਈਆਂ ਜਿਲ੍ਹਾ ਲੁਧਿਆਣਾ ਦੀ ਹੈ। ਪ੍ਰਸੂਤ ਸਮੇਂ ਮਾਤਾ ਸਦਾ ਕੌਰ ਦੇ ਉਦਰ ਤੋਂ ਇਕ ਮਾਸ-ਪਾਣੀ ਦੀ ਮਸ਼ਕ ਜਿਹੀ ਪੈਦਾ ਹੋਈ ਸੀ। ਉਸ ਵਿਚੋਂ ਪਾਣੀ ਵਗ ਗਿਆ, ਉਸਨੂੰ ਘਰ ਵਿਚ ਹੀ ਦੱਬ ਦਿਤਾ ਗਿਆ। ਬਾਬਾ ਜੱਸਾ ਸਿੰਘ (ਪਿਤਾ), "ਹੇ ਰਾਮ! ਕੀ ਦਾ ਕੀ ਹੋ ਗਿਆ", ਕਹਿੰਦੇ ਹੋਏ ਘਰੋਂ ਬਾਹਰ ਚਲੇ ਗਏ। ਮਾਤਾ ਸਦਾ ਕੋਰ ਜੀ ਜਦ ਇਸ਼ਨਾਨ ਕਰਕੇ ਕਮਰੇ ਵਿਚ ਆਏ ਤਾਂ ਇਕ ਅਸਚਰਜ ਕੌਤਕ ਵੇਖਿਆ। ਇਕ ਅਤਿ ਸੁੰਦਰ ਸੂਰਜ ਦੇ ਪ੍ਰਕਾਸ਼ ਵਰਗਾ ਤੇਜਸਵੀ ਬਾਲ ਮੰਜੇ ਤੇ ਖੇਡ ਰਿਹਾ ਸੀ। ਬਾਬਾ ਜੱਸਾ ਜੀ ਨੇ ਦਰਸ਼ਨ ਕੀਤੇ ਤਾਂ ਨਾਮ 'ਰਾਮਧਨ' ਰੱਖਿਆ। ਗੁਰਵਾਕ ਹੈ-"ਸੋ ਸੁਖ ਜਲਉ ਜਿਉ ਕਹੈ ਠਾਕੁਰ ਜੋਨੀ"

The incarnation of Sri Satguru Ram Singh Ji

He was born on the day of Basant Panchmi 1816 AD. At the time of birth a loath of meat full of water was delivered by his mother Mata Sadha Kaur which was digged in the house. But instantly Baba Jassa Singh his father found a beautiful child playing by the side of his wife. The Child was named as 'Ram Dhan' Later on known as Satguru Ram Singh Ji



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ-ਸਵੈਮਾਨ ਦੀ ਸਥਾਪਤੀ, ਸਮਾਜ-ਸੁਧਾਰ ਅਤੇ ਦੇਸ਼ ਦੀ ਅਜਾਦੀ ਲਈ 1857 ਵੈਸਾਖੀ ਵਾਲੇ ਦਿਨ ਨਾਮਧਾਰੀ ਸੰਤ ਖਾਲਸੇ ਦੀ ਸਿਰਜਨਾ ਕੀਤੀ

Sri Satguru Ram Singh Ji founded Namdhari Sect on Baisakhi-1857 for the freedom of the country, restoring glory of Sikhism and social reforms in the society



ਭਾਰਤ ਦੀ ਅਜਾਦੀ ਲਈ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਲਈ ਨਾਮਧਾਰੀ ਸਿੱਖ ਪਿੰਡ-ਪਿੰਡ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੰਦੇਸ਼ਾਂ ਦਾ ਪ੍ਰਚਾਰ ਕਰਦੇ ਹੋਏ

Namdhari Sikhs propagating against the British rule in India in every nook and corner of the country



ਇਸਤ੍ਰੀਆਂ ਨੂੰ ਅੰਮ੍ਰਿਤ ਦੀ ਦਾਤ 1 ਜੂਨ, 1863 ਈ: ਪਿੰਡ ਸਿਆੜ੍ਹ (ਜ਼ਿਲ੍ਹਾ ਲੁਧਿਆਣਾ)

Baptism (Amrit De Daat) of Sikh women on 1st June 1863 in Village Siahar, Distt. Ludhiana



ਜੂਨ 1863 ਈ: ਵਿੱਚ ਅੰਗ੍ਰੇਜੀ ਸਰਕਾਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕਰ ਕੇ ਸੂਬਿਆਂ ਦੁਆਰਾ ਪ੍ਰਚਾਰ ਕਰਨ ਤੇ ਪਾਬੰਦੀ ਲਗਾ ਦਿਤੀ ਸੀ।
ਅੰਗਰੇਜ ਅਫਸਰ ਦੇ ਪੁੱਛਣ ਤੇ"ਬਾਬਾ ਸਹਿਬ, ਅਬ ਕਿਆ ਕਰੋਗੇ"॥ ਸਤਿਗੁਰੂ ਜੀ ਨੇ ਫੁਰਮਾਇਆ," ਬਿਲਿਆ ! ਮੈ ਘਰ ਘਰ ਰਾਮ ਸਿੰਘ ਕਰ ਦਿਆਂਗਾ।

Sri Satguru Ram Singh Ji was house arrested in June 1863. On enqulring "What he (Sri Satguru Ram Singh) will do now?" by the British officer, Sri Satguru Ram Singh replied firmly "I will creat Ram Singh in every house"



ਦਾਜ ਰਹਿਤ, ਅੰਤਰਜਾਤੀ, ਸਮੂਹਿਕ 'ਗੁਰਮਤਿ ਅਨੰਦ ਮਰਿਯਾਦਾ' ਦਾ ਸ਼ੁੱਭ ਆਰੰਭ 3 ਜੂਨ, 1863 ਈ: ਪਿੰਡ ਖੋਟੇ (ਜਿਲ੍ਹਾ ਮੋਗਾ)

The origin of dowryless, inter-caste, mass-marriage system on 3rd June 1863 at village Khote, Distt. Moga



ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਸੂਬਾ ਲੱਖਾ ਸਿੰਘ ਜੀ ਅਤੇ ਸੂਬਾ ਸਾਹਿਬ ਸਿੰਘ ਘੋੜਿਆਂ ਉੱਤੇ ਸਵਾਰ ਹਨ,
ਸ੍ਰੀ ਹੀਰਾ ਸਿੰਘ ਜੀ ਅਤੇ ਸ੍ਰੀ ਲਹਿਣਾ ਸਿੰਘ ਜੀ ਦਾ ਸ਼ਹੀਦਾਂ ਦਾ ਜੱਥਾ ਪੈਦਲ ਯਾਤਰਾ

Sri Satguru Ram Singh Ji along with the Suba Lakha Singh & Suba Sahib Singh on horses.
The group of martyrs of S. Hira Singh & Lehna Singh Ji walking ahead



ਅਜ਼ਾਦੀ ਲਈ ਨੇਪਾਲ ਅਤੇ ਰੂਸ ਨਾਲ ਸੰਪਰਕ Diplomatic Relations with Nepal & Russia

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਥਾਪੇ ਸੂਬਾ ਸਾਹਿਬ ਸਿੰਘ ਨੇ ਨੇਪਾਲ ਅਤੇ ਸੂਬਾ ਗੁਰਚਰਨ ਸਿੰਘ ਨੇ ਰੂਸ ਦੇ ਗਵਰਨਰ ਜਨਰਲ ਕਾਰਡਕ ਮਿਆਨ ਨਾਲ ਰਾਜਸੀ ਸਬੰਧ ਬਣਾਏ

Sri Satguru Ram Singh established political links with Nepal through Suba Sahib Singh & with Governor General Cardiac Mian of Russia through Suba Gurcharan Singh to free India from the Yokes of British Rulers in 19th Century



ਪਹਿਲਾ ਸੱਤਿਆਗ੍ਰਹਿ:– ਅੰਗਰੇਜ਼ੀ ਸਰਕਾਰ ਵੱਲੋ 1867 ਈ: ਤੋਂ ਲਾਈਆਂ ਜੂਹ–ਬੰਦੀ ਦੀਆਂ ਪਾਬੰਦੀਆਂ ਤੋੜ ਕੇ ਸਤਿਗੁਰੂ ਰਾਮ ਸਿੰਘ ਜੀ ਨੇ 1867 ਈ: ਦਾ ਹੋਲਾ–ਮਹੱਲਾ ਮਨਾਉਣ ਵਾਸਤੇ ਹਜਾਰਾਂ ਸਿੱਖ–ਸੇਵਕਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਵੱਲ ਕੂਚ ਕੀਤਾ

First Satyagrah- Sri Satguru Ram Singh Ji disobeyed the orders of British Govt. and celebrated Hola Festival at Anandpur Sahib in 1867 AD.



ਦੂਸਰਾ ਸੱਤਿਆਗ੍ਰਹਿ:- ਅੰਗਰੇਜ਼ੀ ਸਰਕਾਰ ਦੇ ਹੁਕਮ ਦੀ ਉਲੰਘਣਾ ਕਰਦੇ, ਸਤਿਗੁਰੂ ਰਾਮ ਸਿੰਘ ਜੀ ਨੇ 1867 ਈ: ਦੀ ਦਿਵਾਲੀ ਦੇ ਮੇਲੇ ਤੇ ਅੰਮ੍ਰਿਤਸਰ ਵਿਖੇ ਮਹਾਨ ਇੱਕਠ ਕੀਤਾ

2nd Satyagrah- Sri Satguru Ram Singh Ji defied the orders of British Govt. and Celebrated Diwali-1867 at Amritsar



ਅਜ਼ਾਦੀ ਲਈ ਅਫਗਾਨਿਸਤਾਨ ਨਾਲ ਸੰਪਰਕ Diplomatic Relations with Afghanistan

“ਕਾਬੁਲ ਦੇ ਅਮੀਰ ਅਬਦੁਲ ਰਜ਼ਾਕ ਨੇ ਆਪਣੇ ਦੋ ਪੁੱਤਰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਸਿਧਾਂਤਾਂ ਦੀ ਜਾਣਕਾਰੀ ਵਾਸਤੇ ਭੇਜੇ”

The Two sons of Ameer (King) of Kabul (Afghanistan) met Satguru Ram Singh Ji in Sri Bhaini Sahib (Distt. Ludhiana)



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ

ਨਾਮਧਾਰੀ ਪੰਥ ਦੇ ਬਾਨੀ, ਧਰਮ ਰਖਿਅਕ, ਸਮਾਜ ਸੁਧਾਰਕ, ਭਾਰਤ ਦੀ ਜੰਗੇ ਅਜਾਦੀ ਦੇ ਮੋਢੀ
ਨਾ ਮਿਲਵਰਤਣ ਅਤੇ ਸਵਦੇਸ਼ੀ ਲਹਿਰ ਦੇ ਬਾਨੀ

Sri Satguru Ram Singh Ji Maharaj

The founder of Namdhari Sect, harbinger of religion, social reformer, pioneer
to introduce the doctrine of Non-Cooperation and Swadeshi Movement for the freedom of India



ਰਿਆਸਤ ਕਸ਼ਮੀਰ ਵਿਚ ਸਥਾਪਤ 'ਕੂਕਾ ਪਲਟਨ' (1869 ਈ:)

Establishment of Kuka Platoon in Kashmir State in 1869 AD.



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਆਂ ਇਤਿਹਾਸਕ ਯਾਤਰਾਵਾਂ

A Map Showing the travels undertaken by Satguru Ram Singh Ji to spread the message of Sikhism, Social-Reforms, National-Awakening and Renaissance



ਸ਼ਹੀਦੀ ਸਾਕਾ ਰਾਏਕੋਟ

ਤਿੰਨ ਸਿੰਘ ਸ਼ਹੀਦੀ ਹੋਏ 5 ਅਗਸਤ 1871

Martyrs of Saka Raikot

Three Namdhari Sikhs were hanged to death on 5 Aug. 1871



ਸ਼ਹੀਦੀ ਸਾਕਾ ਅੰਮ੍ਰਿਤਸਰ :– ਚਾਰ ਸਿੰਘ ਸ਼ਹੀਦ ਹੋਏ 15 ਸਤੰਬਰ 1871 ਅਤੇ ਸ. ਝੰਡਾ ਸਿੰਘ ਦੀ ਸ਼ਹੀਦੀ 1873 ਈ:

Four Namdhari Sikhs were hanged to death at Amritsar on 15th Sep. 1871. One S. Jhanda Singh was hanged to death in 1873



ਸ਼ਹੀਦੀ ਸਾਕਾ ਲੁਧਿਆਣਾ

ਦੋ ਸਿੰਘ ਸ਼ਹੀਦੀ ਹੋਏ 26 ਨਵੰਬਰ 1871

Martyrs of Saka Ludhiana

Two Namdhari Sikhs were hanged to death on 26 Nov. 1871



ਜਨਵਰੀ 1872 ਤੋਂ ਮਈ 1923 ਈ: (51 ਸਾਲ) ਤੱਕ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਅੰਗਰੇਜੀ ਸਰਕਾਰ ਵੱਲੋਂ ਸਥਾਪਿਤ ਪੁਲਿਸ ਚੌਂਕੀ

Police post at the entrance of Gurudwara Sri Bhaini Sahib between January 1872 to May 1923 (for 51 years).



ਸ੍ਰ. ਹੀਰਾ ਸਿੰਘ ਦੀ ਵੰਗਾਰ: ਪਾਰ ਲਕੀਰ ਕਰੇ ਗੁਰ ਕੋ ਸਿੱਖ, ਹੇਤਿ ਧਰਮ ਜੋ ਸੀਸ ਲਗਾਏ (13 ਜਨਵਰੀ 1872 ਈ:)

S. Heera Singh addressing the Namdhari Sikhs at Sri Bhaini Sahib on 13th January 1872 to participate in the attack of Malerkotla



ਸ਼ਹੀਦੀ ਸਾਕਾ ਮਲੇਰਕੋਟਲਾ 17-18 ਜਨਵਰੀ 1872

66 ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾਏ ਜਾਣ ਦਾ ਦ੍ਰਿਸ਼। ਵਰਿਯਾਮ ਸਿੰਘ ਮਦਰੇ ਕੱਦ ਦਾ ਸੀ। ਉਹ ਤੋਪ ਸਾਹਮਣੇ ਨਹੀਂ ਸੀ ਆਉਂਦਾ। ਉਹ ਦੌੜ ਕੇ ਖੇਤਾਂ ਵਿਚੋਂ ਢੀਮਾਂ ਇਕਠੀਆਂ ਕਰ ਲਿਆਇਆ। ਥੜ੍ਹਾ ਬਣਾ ਕੇ ਉਸ ਉਤੇ ਖੜ੍ਹ ਕੇ ਤੋਪਚੀ ਨੂੰ ਕਹਿਣ ਲੱਗਾ, " ਤੋਪ ਚਲਾ ਹੁਣ ਮੈਂ ਇਸਦੇ ਬਰਾਬਰ ਖੜ੍ਹਾ ਹਾਂ"। ਤੋਪ ਚਲੀ ਤੇ ਉਹ ਦੇਸ਼ ਲਈ ਸ਼ਹੀਦ ਹੋ ਗਿਆ

66 Namdhari Sikhs were blown off with cannons in Malerkotla on 17-18 January 1872. S. Waryam Singh was short in stature. He ran at once, collected sods from the fields, made a plateform and stood on the same . Then asked the gunner to shout the cannon and laid his life for the freedom of the country



ਸ਼ਹੀਦੀ ਸਾਕਾ ਮਲੇਰਕੋਟਲਾ

Martyrs of Saka Malerkotla

12 ਵਰ੍ਹਿਆ ਦਾ ਬਾਲਕ ਬਿਸ਼ਨ ਸਿੰਘ ਡੀ. ਸੀ. ਕਾਵਨ ਦੀ ਦਾੜ੍ਹੀ ਨੂੰ ਜਾ ਝਪਟਿਆ ਅਤੇ ਸਿਪਾਹੀਆਂ ਨੇ ਤਲਵਾਰ ਨਾਲ ਸ਼ਹੀਦ ਕਰ ਦਿੱਤਾ

Brishan Singh 12 year old boy was cut to pieces on 17 January 1872 because he caught hold the beard of D.C. Mr. Cowen



66 ਨਾਮਧਾਰੀ ਸ਼ਹੀਦ ਜਿੰਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ 17-18 ਜਨਵਰੀ 1872 ਨੂੰ ਮਲੇਰਕੋਟਲਾ ਦੇ ਖੂਨੀ ਰੱਕੜ ਵਿਖੇ ਸ਼ਹਾਦਤਾਂ ਦਿੱਤੀਆਂ

66 Namdhari Sikhs sacrified their lives for the freedom of India on 17-18 January 1872 at Khooni Rakkar of Malerkotla



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਮੁੱਖ ਸੂਬਿਆਂ ਤੇ ਸੇਵਕ ਨਾਨੂੰ ਸਿੰਘ ਸਹਿਤ
ਸ੍ਰੀ ਭੈਣੀ ਸਾਹਿਬ ਤੋਂ 17 ਜਨਵਰੀ 1872 (ਅੱਧੀ ਰਾਤ) ਵੇਲੇ ਕੈਦ ਕੀਤੇ ਗਏ।

Sri Satguru Ram Singh along with prominent Subas and personal attendant S. Nanu Singh arrested from Sri Bhaini Sahib on midnight of 17 th January 1872



ਲੁਧਿਆਣਾ ਸਟੇਸ਼ਨ ਤੋਂ ਸਪੈਸ਼ਲ ਰੇਲਗੱਡੀ ਰਾਹੀਂ ਅਲਾਹਾਬਾਦ ਨੂੰ ਰਵਾਨਗੀ, 18 ਜਨਵਰੀ 1872 ਈ:, ਸਵੇਰੇ 4:00 ਵਜੇ

Sri Satguru Ram Singh Ji at Ludhiana Railway Station.

He was deported to Allahabad by special train 4:00 am on 17th January 1872



ਜਲਾਵਤਨੀ ਕਲਕੱਤੇ ਤੋਂ ਰੰਗੂਨ, ਸਮੁੰਦਰੀ ਜਹਾਜ ਰਾਹੀਂ 11 ਮਾਰਚ, 1872 ਈ: ਸ਼ਾਮ 7.00 ਵਜੇ

Sri Satguru Ram Singh Ji at Kolkatta port on 11th March 1872. He was exiled to Yangoon- Myanmar



ਅੰਗਰੇਜੀ ਜੇਲ੍ਹਾਂ ਅੰਦਰ ਸਖਤ ਸਜਾਵਾਂ ਭੁਗਤਦੇ ਨਾਮਧਾਰੀ ਸਿੰਘ

Namdhari Sikhs facing atrocities in British Jails



ਭਾਰਤ ਦੀ ਅਜਾਦੀ ਕਈ 19ਵੀਂ ਸਦੀ ਵਿਚ ਅੰਗਰੇਜ਼ਾਂ ਵਲੋ ਨਾਮਧਾਰੀ ਸਿੱਖਾਂ ਨੂੰ ਪੱਥਰਾਂ ਨਾਲ ਬੰਨ ਕੇ ਸਮੁੰਦਰ ਵਿਚ ਡੋਬ ਕੇ ਮਾਰਿਆ ਗਿਆ

For the freedom of India, Namdhari Sikhs were drowned in the sea water by British Govt. in 19th Century



ਸ੍ਰੀ ਸਤਿਗੁਰੂ ਹਰੀ ਸਿੰਘ ਜੀ

ਆਪਨੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ਼ ਗਵਨ(ਜਨਵਰੀ 1872) ਉਪਰੰਤ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ ਅਤੇ ਅਤਿ ਸਖਤੀਆਂ ਦੇ ਦੌਰ ਵਿਚ ਵੀ ਅਜ਼ਾਦੀ ਦੀ ਜੋਤ ਨੂੰ ਜਗਦੀ ਰੱਖਿਆ

Sri Satguru Hari Singh Ji

**After the deportation of Satguru Ram Singh Ji to Burma in January 1872,
He took-over the reins of the Namdhari Panth and in a reign of
British oppression, kept the flame of freedom kindling and offered stiff resistance**



ਰੂਸ ਸਰਕਾਰ ਦਾ ਗੁਪਤ ਸੰਦੇਸ਼ ਪਹੁੰਚਾਉਣ ਲਈ ਪਹਿਰੇ ਵਾਲਿਆਂ ਤੋਂ ਨਜ਼ਰ ਬਚਾ ਕੇ ਮਰਗੋਈ (ਬਰਮ੍ਹਾ) ਜੇਲ੍ਹ ਦਾ ਜੰਗਲਾ ਟੱਪਦੇ ਹੋਏ

ਸ. ਮੀਹਾ ਸਿੰਘ – 1881 ਈ:

S. Mihan Singh crossing the boundary wall of Jail Bunglow at Myeik (Myanmar) in 1881 to deliver the letter of Govt. of Russia




ਸਰਕਾਰੀ ਪਬੰਦੀਆਂ ਦੀ ਪ੍ਰਵਾਹ ਨਾ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਵਿਖੇ ਅਖੰਡ–ਪਾਠ ਜਾਰੀ ਰੱਖੇ ਗਏ।
ਫੜੇ ਜਾਣ ਤੇ ਸਖਤ ਸਜਾਵਾਂ ਹੋਈਆਂ, ਕਈ ਸਿੰਘ ਜੇਲ੍ਹਾਂ ਵਿੱਚ ਹੀ ਸ਼ਹੀਦ ਹੋ ਗਏ

Namdhari Sikhs performed Akhand Path at Sri Bhiani Shahib inspite of the banned of by British Rulers.
Namdhari Sikhs were arrested and put in jails for performing Akhand Path of Sri Adi Granth Sahib



ਸੰਨ 1899 ਈ: ਦੇ ਭਿਆਨਕ ਕਾਲ ਸਮੇਂ ਲੋੜਵੰਦਾਂ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਲਗਾਤਾਰ ਲੰਗਰ ਮਿਲਦਾ ਰਿਹਾ । ਅੰਗਰੇਜ਼ ਅਫਸਰ ਵੱਲੋਂ ਲੰਗਰ ਵਾਸਤੇ 2500 ਏਕੜ ਜਮੀਨ ਦੀ ਪੇਸ਼ਕਸ਼ ਕਰਨ ਤੇ ਸਤਿਗੁਰੂ ਹਰੀ ਸਿੰਘ ਜੀ ਨੇ ਉੱਤਰ ਦਿੱਤਾ : "2500 ਏਕੜ ਲੈ ਕੇ ਅਸੀਂ ਮੰਨ ਲਈਏ ਕਿ ਬਾਕੀ ਭਾਰਤ ਤੁਹਾਡਾ ਹੈ? ਜਦੋਂ ਲਵਾਂਗੇ ਸਾਰਾ ਦੇਸ਼ ਹੀ ਲਵਾਂਗੇ"

During great femine of 1899, free food was served to people from Gurudwara Sri Bhaini Sahib. The British Govt. offered 2500 acre Land to Satguru Hari Singh Ji. But he refuse to accept and said, " accepting 2500 acre land means that rest of the India belongs to Britishers."



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ (1916-1959)

ਜਿੰਨ੍ਹਾ ਨੇ ਸਤਿਗੁਰੂ ਹਰੀ ਸਿੰਘ ਜੀ ਉਪਰੰਤ ਨਾਮਧਾਰੀ ਪੰਥ ਦੀ ਵਾਗ ਡੋਰ ਸੰਭਾਲੀ ਆਪ ਜੀ ਨੇ ਪੰਜਾਬੀ ਭਾਸ਼ਾ, ਦੇਸ਼-ਆਜ਼ਾਦੀ, ਸਮਾਜ ਉਸਾਰੀ, ਸਿੱਖਾਂ ਦੀ ਕੌਮੀ ਏਕਤਾ, ਹਿੰਦੂ-ਸਿੱਖ ਮਿਲਾਪ ਆਦਿ ਵਾਸਤੇ ਨਿਰੰਤਰ ਸੰਘਰਸ਼ ਕੀਤਾ ਤੇ ਹਰ ਲੋਕ-ਲਹਿਰ ਨੂੰ ਭਰਪੂਰ ਸਮਰਥਨ ਦਿੱਤਾ

Satguru Partap Singh Ji (1916-1959)

He Devoted his entire life to the Struggle for country's freedom , Sikh Unity, Hindu-Sikh Unity, Upliftment of Punjabi Language and provided full support to all peoples movements of freedom



17.02.1939 ਸ੍ਰੀ ਭੈਣੀ ਸਾਹਿਬ : ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ (ਖੱਬਿਓ) ਪੰ. ਨਹਿਰੂ, ਮੌਲਾਨਾ ਹਬੀਬ–ਉਲ –ਰਹਿਮਾਨ, ਮਾਸਟਰ ਤਾਰਾ ਸਿੰਘ, ਡਾ. ਸੈਫੂਦੀਨ ਕਿਚਲੂ

Sri Satguru Partap Singh Ji along with from (Left to Right) Pt. Jawahar Lal Nehru, Maulana Habib Ull Rehman, Master Tara Singh, Dr. Saifuden Kitchlu - 17th February 1939 at Sri Bhaini Sahib



ਫਰਵਰੀ 1939 ਈ: ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਪੰ. ਜਵਾਹਰ ਲਾਲ ਨਹਿਰੂ

Sri Satguru Partap Singh Ji showing paintings on Namdhari National Movement to Pandit Jawahar Lal Nehru on the later’s visit to Sri Bhaini Sahib in February, 1939.



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਪੰ. ਜਵਾਹਰ ਲਾਲ ਨਹਿਰੂ ਸ੍ਰੀ ਭੈਣੀ ਸਾਹਿਬ ਵਿਖੇ(1939 ਈ:)

Sri Satguru Partap Singh Ji and Pandit Jawahar Lal Nehru at Sri Bhaini Sahib in 1939 AD



ਸਟੇਟ ਪੀਪਲਜ਼ ਕਾਨਫਰੰਸ ਲੁਧਿਆਣਾ, 1939 ਈ:
State Peoples Confernce - Ludhiana (1939)



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ

Sri Satguru Partap Singh Ji & Akali Leader Master Tara Singh



ਸਤਿਗੁਰੂ ਪ੍ਰਤਾਪ ਸਿੰਘ ਜੀ ਭਾਰਤ ਦੇ ਪ੍ਰਮੁੱਖ ਕੌਮੀ ਨੇਤਾਵਾਂ ਤੇ ਦੇਸ਼ ਭਗਤਾਂ ਵਿਚਕਾਰ – ਸ੍ਰੀ ਰਾਜਗੋਪਾਲ ਆਚਾਰੀਆ (ਖੱਬੇ), ਸਰਦਾਰ ਪਟੇਲ (ਸੱਜੇ)–08.08.1946 ਦਿੱਲੀ

At Delhi 08.08.1946 : Sri Satguru Partap Singh along with National leaders & Patriots - Shri C. Raj Gopal Acharya, Sardar V.B. Patel



ਸੁਤੰਤਰਤਾ ਸੈਨਾਨੀਆਂ ਦਾ ਨਿੱਘਾ ਸੁਆਗਤ (ਲਾਹੌਰ, 1946 ਈ:) ਆਜ਼ਾਦ ਹਿੰਦ ਫੌਜ ਦੇ ਜਰਨੈਲਾਂ ਦਾ ਮੁੱਕਦਮੇ 'ਚੋਂ ਬਰੀ ਹੋਣ ਉਪਰੰਤ ਸ੍ਰੀ ਸਤਿਗੁਰੂ ਜੀ ਵਲੋਂ ਸੁਆਗਤ :
(ਖੱਬੇ ਤੋਂ) ਸ੍ਰੀ ਮਤੀ ਢਿਲੋਂ, ਜਨਰਲ ਸ਼ਾਹ ਨਵਾਜ, ਕੈਪਟਨ ਜੀ. ਐਸ. ਢਿਲੋਂ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ (ਵਿਚਕਾਰ) ਸਤਿਗੁਰੂ ਜਗਜੀਤ ਸਿੰਘ ਜੀ (ਪਿੱਛੇ)

Lahore -1946: Sri Satguru Partap Singh Ji welcome the Commanders of Azad Hind Fauj after their exoneration in court case
(From Left to Right) Smt. Dhillon, General Shah, Nawaz Khan, Captain P.K. Sehgal, Col. G.S. Dhillon , Sri Satguru Partap Singh Ji (Centre) Satguru Jagjit Singh Ji (Back)



ਸ਼ਾਂਤੀ ਪੁੰਜ, ਧਰਮ ਰੱਖਿਅਕ ਅਤੇ ਸਰਬ ਕਲਾ ਸਮਰੱਥ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ

Harbinger of Peace & Religious
Sri Satguru Jagjit Singh Ji Maharaj



ਕੂਕਾ ਮੈਮੋਰੀਅਲ ਮਲੇਰਕੋਟਲਾ ਵਿਖੇ ਸ਼ਹੀਦੀ ਸਮਾਗਮ (1999 ਈ) ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਉਪਦੇਸ਼ ਦੇਂਦੇ ਹੋਏ । ਹਜ਼ੂਰੀ ਵਿਚ ਬੈਠੇ ਹਨ,
ਸ੍ਰੀ ਅਟੱਲ ਬਿਹਾਰੀ ਵਾਜਪਾਈ ਅਤੇ ਸ੍ਰ. ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਅਤੇ ਸ੍ਰ. ਸੁਰਿੰਦਰ ਸਿੰਘ ਨਾਮਧਾਰੀ

Sri Satguru Jagjit Singh Ji delivering his sermon at the Kuka Martyrs Memorial Malerkotla (1999 A.D.)
Sri Atal Bihari Vajpai and S. Parkash Singh Badal (C.M.) Punjab & S. Surinder Singh Namdhari in the holy presence


ਦੇਸ਼ ਦੀ ਆਜ਼ਾਦੀ ਦੇ ਪਰਵਾਨੇ ਨਾਮਧਾਰੀ ਸ਼ਹੀਦ
150
ਸ਼ਹੀਦੀ ਸਾਕਾ ਰਾਏਕੋਟ
ਤਿੰਨ ਸਿੰਘ ਸ਼ਹੀਦ ਹੋਏ 5 ਅਗਸਤ 1871
ਸ਼ਹੀਦੀ ਸਾਕਾ ਅੰਮ੍ਰਿਤਸਰ
ਚਾਰ ਸਿੰਘ ਸ਼ਹੀਦ ਹੋਏ 15 ਸਤੰਬਰ 1871
ਸ. ਝੰਡਾ ਸਿੰਘ ਦੀ ਸ਼ਹੀਦੀ 1873
GOVT. PUNJAB
ਸ਼ਹੀਦੀ ਸਾਕਾ ਮਲੇਰਕੋਟਲਾ, 17-18 ਜਨਵਰੀ 1872
66 ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾਏ ਜਾਣ ਦਾ ਦ੍ਰਿਸ਼
ਸ਼ਹੀਦੀ ਸਾਕਾ ਲੁਧਿਆਣਾ
ਦੋ ਸਿੰਘ ਸ਼ਹੀਦ ਹੋਏ 26 ਨਵੰਬਰ 1871
17 ਜਨਵਰੀ 1872 ਮਲੇਰਕੋਟਲਾ
12 ਵਰ੍ਹਿਆਂ ਦਾ ਬਾਲਕ ਬਿਸ਼ਨ ਸਿੰਘ ਡੀ.ਸੀ.ਕਾਵਨ ਦੀ ਦਾੜ੍ਹੀ
ਜਾ ਝਪਟਿਆ ਅਤੇ ਸਿਪਾਹੀਆਂ ਨੇ ਤਲਵਾਰ ਨਾਲ ਸ਼ਹੀਦ ਕਰ
"ਕੂਕਾ ਅੰਦੋਲਨ ਦਾ ਇਤਿਹਾਸ ਹੁਣ ਤਕ ਲੋਕਾਂ ਸਾਹਮਣੇ ਨਹੀਂ ਆਇਆ। ਕਿਸੇ ਨੇ ਉਨ੍ਹਾਂ ਨੂੰ ਮਹੱਤਵ-ਪੂਰਨ ਸਮਝਿਆ ਹੀ ਨਹੀਂ। ਸਵਾਰਥ ਜਾਂ ਲੋਭ ਵਾਸਤੇ ਉਨ੍ਹਾਂ ਨੇ ਪ੍ਰਾਣ ਦਿਤੇ ਹੁੰਦੇ ਤਾਂ ਅਸੀਂ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਕਰ ਸਕਦੇ ਸੀ ....ਪ੍ਰੰਤੂ ਉਨ੍ਹਾਂ ਵਿਚ ਦੇਸ਼-ਪ੍ਰੇਮ ਦਾ ਭਾਵ ਕੁੱਟ ਕੁੱਟ ਕੇ ਭਰਿਆ ਹੋਇਆ ਸੀ। ਉਹ ਤਾਂ ਤੋਪਾਂ ਦੇ ਸਨਮੁੱਖ ਖੜੇ ਹੋ ਕੇ ਵੀ ਹੱਸ ਦਿੰਦੇ ਸਨ। ....ਕੀ ਉਹ ਭੁਲਾਉਣ ਯੋਗ ਹਨ? ....ਫਿਰ ਸਾਡੇ ਦੇਸ਼-ਭਗਤ ਹੀ ਇਸ ਤਰ੍ਹਾਂ ਕਿਉਂ ਭੁਲਾ ਕੇ ਘੁੱਪ ਹਨੇਰੇ ਵਿਚ ਸੁੱਟ ਦਿੱਤੇ ਜਾਣ?"
- ਸ਼ਹੀਦ ਭਗਤ ਸਿੰਘ (ਹਿੰਦੀ ਮਾਸਿਕ 'ਮਹਾਂਰਥੀ', ਫਰਵਰੀ 1928 ਈ:)

ਨਾ-ਮਿਲਵਰਤਨ ਅਤੇ ਸਵਦੇਸ਼ੀ ਲਹਿਰ ਦੇ ਮੋਢੀ - ਸ੍ਰੀ ਸਤਿਗੁਰੂ ਰਾਮ ਸਿੰਘ ਜੀ

Sri Satguru Ram Singh Ji - the founder of Non-cooperation and Swadeshi Movement



ਅੰਗਰੇਜ਼ੀ ਅਦਾਲਤਾਂ ਦਾ ਬਾਈਕਾਟ.ਆਪਣੀਆਂ ਪੰਚਾਇਤਾਂ ਦੀ ਸਥਾਪਨਾ
Boycott of British Courts and setting up Panchayats



ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਵਿਦੇਸ਼ੀ ਸਾਮਾਨ ਦਾ ਬਾਈਕਾਟ.ਸਵਦੇਸ਼ੀ ਵਸਤਾਂ ਦਾ ਪ੍ਰਚਾਰ
Boycott of Foreign Goods and use of Indigenous Goods



ਅੰਗਰੇਜ਼ੀ ਸਕੂਲਾਂ ਦਾ ਬਾਈਕਾਟ.ਧਰਮਸ਼ਾਲਾਵਾਂ ਵਿਚ ਸਵਦੇਸ਼ੀ ਸਿੱਖਿਆ-ਪ੍ਰਬੰਧ
Boycott of British Educational Institutions and introduction of Indian system of education



ਅੰਗਰੇਜ਼ੀ ਡਾਕ-ਤਾਰ ਦਾ ਬਾਈਕਾਟ,'ਕੂਕਾ ਡਾਕ-ਪ੍ਰਬੰਧ' ਦੀ ਸਥਾਪਨਾ
Boycott of British Dak system and establishment of Kuka Postal system



ਅੰਗਰੇਜ਼ੀ ਰੇਲਾਂ ਦਾ ਬਾਈਕਾਟ,ਆਵਾਜਾਈ ਦੇ ਆਪਣੇ ਸਾਧਨ
Boycott of British Transportation and use of indigenous mode of Tranport

ਸਤਿਗੁਰੂ ਰਾਮ ਸਿੰਘ ਜੀ ਸੁਤੰਤਰਤਾ ਕੋ ਭੀ ਧਰਮ ਕਾ ਅੰਗ ਸਮਝਤੇ ਥੇ। ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਅੰਦੋਲਨ ਇਤਨੇ ਜ਼ੋਰ ਸੇ ਚਲਾਇਆ ਹੈ, ਉਸ ਕਾ ਸਤਿਗੁਰੂ ਰਾਮ ਸਿੰਘ ਜੀ ਨੇ ਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂ ਪ੍ਰਚਾਰ ਕੀਆ ਥਾ। ਉਨ ਕੇ ਸਿਧਾਂਤੋਂ ਮੇਂ ਪਾਂਚ ਚੀਜ਼ੇਂ ਥੀ-

(1) ਸਰਕਾਰੀ ਨੌਕਰੀ ਕਾ ਬਹਿਸ਼ਕਾਰ। (2) ਸਰਕਾਰੀ ਅਦਾਲਤੋਂ ਕਾ ਬਹਿਸ਼ਕਾਰ।
(3) ਸਰਕਾਰੀ ਸਕੂਲੋਂ ਕਾ ਬਹਿਸ਼ਕਾਰ। (4) ਵਿਦੇਸ਼ੀ ਬਸਤਰੋਂ ਕਾ ਬਹਿਸ਼ਕਾਰ।
(5) ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਅਪਨੀ ਆਤਮਾ ਕੇ ਵਿਰੁੱਧ ਹੈਂ।



\- ਡਾ. ਰਾਜੇਂਦਰ ਪ੍ਰਸਾਦ (ਭਾਰਤ ਦੇ ਪਹਿਲੇ ਰਾਸ਼ਟਰਪਤੀ) ਦੇ 1935 ਈ: 'ਚ ਲਿਖੇ ਲੇਖ 'ਚੋਂ

(ਸਤਿਗੁਰੂ) ਰਾਮ ਸਿੰਘ

ਸਿੱਖ ਦਾਰਸ਼ਨਿਕ, ਸੁਧਾਰਕ, ਅੰਗਰੇਜ਼ੀ ਵਪਾਰ ਅਤੇ ਨੌਕਰੀਆਂ ਪ੍ਰਤੀ ਨਾ-ਮਿਲਵਰਤਨ ਅਤੇ ਬਾਈਕਾਟ ਨੂੰ ਸਿਆਸੀ-ਹਥਿਆਰ ਵਜੋਂ ਵਰਤਣ ਵਾਲਾ ਪਹਿਲਾ ਭਾਰਤੀ ਹੈ।

\- ਐਨਸਾਈਕਲੋਪੀਡੀਆ ਬਰਿਟੈਨਿਕਾ (ਭਾਗ 8, ਪੰਨਾ 142)

ਲਗੇਂਗੇ ਹਰ ਬਰਸ ਮੇਲੇ

150th year Celebration of Kuka Movement 1857 to 2007



ਵਿਸਾਖੀ 2064 ਬਿ: (2007 ਈ:) ਜੰਗ-ਏ-ਆਜ਼ਾਦੀ ਦੀ ਜਨਮ-ਭੂਮੀ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ-ਛਾਇਆ ਹੇਠ 'ਕੂਕਾ ਅੰਦੋਲਨ' ਦਾ 150 ਸਾਲਾ ਯਾਦਗਾਰੀ ਸਮਾਗਮ;
ਸ : ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ, ਪ੍ਰਮੁੱਖ ਧਾਰਮਿਕ ਸ਼ਖਸੀਅਤਾਂ ਅਤੇ ਸਮੂਹ ਰਾਜਨੀਤਿਕ ਪਾਰਟੀਆਂ ਅਤੇ ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ

In the benign presence of Sri Satguru Jagjit Singh Ji, S. Parkash Singh Badal, Chief Minister of Punjab along with leaders of all political, religious and social parties at the opening ceremony of 150th year celebrations at Sri Bhaini Sahib, Vaisakhi 2007.



"ਹਿੰਦੁਸਤਾਨ ਦੀ ਆਜ਼ਾਦੀ ਵਾਸਤੇ, ਮੈਂ ਕਹਿ ਸਕਦਾ ਹਾਂ ਕਿ ਸਭ ਤੋਂ ਵੱਡਾ ਯੋਗਦਾਨ ਸਤਿਗੁਰੂ ਬਾਬਾ ਰਾਮ ਸਿੰਘ ਜੀ ਨੇ ਦਿੱਤਾ ਹੈ। ਮੁਕੰਮਲ ਤੌਰ ਤੇ ਬ੍ਰਿਟਿਸ਼ ਹਕੂਮਤ ਦਾ ਬਾਈਕਾਟ ਸਤਿਗੁਰੂ ਰਾਮ ਸਿੰਘ ਜੀ ਨੇ ਅਤੇ ਉਨ੍ਹਾਂ ਦੇ ਹੁਕਮਾਂ 'ਤੇ ਚੱਲਣ ਵਾਲਿਆਂ ਨੇ ਕੀਤਾ। ....ਮੈਂ ਨਾਮਧਾਰੀ ਸਮਾਜ ਦਾ ਬੜਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਸਿੱਖੀ ਪੂਰਨ ਤੌਰ ਤੇ ਕਾਇਮ ਰੱਖੀ ਹੈ। ਆਓ, ਅੱਜ ਅਸੀਂ ਪ੍ਰਤਿਗਿਆ ਕਰੀਏ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਰਸਤਾ ਵਿਖਾਇਆ, ਉਸ 'ਤੇ ਚੱਲਣ ਦੀ ਕੋਸ਼ਿਸ਼ ਕਰੀਏ ਅਤੇ ਦੇਸ਼ ਤੇ ਕੌਮ ਨਾਲ ਸਾਡਾ ਉਸੇ ਤਰ੍ਹਾਂ ਪਿਆਰ ਹੋਵੇ।"

–ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ

For the freedom of India, I firmly can say that contribution of Satguru Baba Ram Singh Ji was the maximum, There was complete Boycott of British Rulers by Satguru Ram Singh Ji and his followers, (Namdhari Sikhs) .... I am very much thankful to Namdhari Sect for preserving the Sikhism. Let us all take oath that we shall follow the path shown by Satguru Ram Singh, we love our country and nation in the same manner.'

S. Parkash Singh Badal , Chief Minister Punjab

ਦੇਸ਼ ਦੀ ਆਜ਼ਾਦੀ ਲਈ ਕੂਕੇ (ਨਾਮਧਾਰੀ) ਦੇਸ਼-ਭਗਤ ਜੇਲਾਂ ਵਿੱਚ British jails where Namdhari Sikhs suffered atrocities of British Rulers



ਹਜਾਰੀ ਬਾਗ ਜੇਲ੍ਹ Hazari Bagh Jail (Jharkhand)



ਕਿਲ੍ਹਾ ਬਹਾਦਰਗੜ੍ਹ (ਪਟਿਆਲਾ) Fort of Bahadurgarh – Patiala (Punjab)




ਅਦਨ (ਯਮਨ ਦੇਸ਼) ਦਾ ਕਿਲ੍ਹਾ Fort of Aden in (Yeman)



ਰੰਗੂਨ (ਬਰਮ੍ਹਾ) ਬੰਗਲੇ ਦਾ ਮਾਡਲ। ਸਤਿਗੁਰੂ ਰਾਮ ਸਿੰਘ ਜੀ ਇੱਥੇ 1880 ਤਕ ਨਜਰਬੰਦ ਰਹੇ
Yangoon Banglow in Myanmar Where Sri Satguru Ram Singh kept in exile between 1872 to 1880.



ਮੁਲਤਾਨ ਦਾ ਕਿਲ੍ਹਾ (ਪਾਕਿਸਤਾਨ) Fort of Multan (Pakistan)



ਕਿਲਾ ਅਲਾਹਾਬਾਦ: ਸਤਿਗੁਰੂ ਰਾਮ ਸਿੰਘ ਜੀ ਆਪਣੇ ਦਸ ਪ੍ਰਮੁੱਖ ਸੂਬਿਆਂ ਸਹਿਤ ਜਨਵਰੀ ਤੋ ਮਾਰਚ 1872 ਈ: ਤਕ ਏਥੇ ਨਜਰਬੰਦ ਰਹੇ ਜਿੱਥੇ ਸਭ ਨੂੰ ਦੇਸ਼-ਵਿਦੇਸ਼ ਦੀਆ ਜੇਲ੍ਹਾਂ ਚ ਭੇਜ ਦਿਤਾ ਗਿਆ
Fort of Allahabad : Sri Satguru Ram Singh along with prominer Subs (Namdhari Preachers) kept here in 1872.



ਅਡੇਮਾਨ (ਕਾਲਾ ਪਾਣੀ) ਦੀ ਸੈਲੂਲਰ ਜੇਲ੍ਹ Cellular Jail of Anademan (Kalapani)



ਲਾਹੌਰ ਦਾ ਕਿਲ੍ਹਾ (ਪਾਕਿਸਤਾਨ) Fort of Lahore (Pakistan)



ਅਸੀਰਗੜ੍ਹ ਦਾ ਕਿਲ੍ਹਾ (ਮਹਾਰਾਸ਼ਟ੍ਰ) Fort of Aseergarh (Maharashtra)



ਚੁਨਾਰ ਦਾ ਕਿਲ੍ਹਾ (ਯੂ.ਪੀ) Fort of Chunnar (U.P)



ਮੌਲਮੀਨ (ਬਰਮ੍ਹਾਂ) ਦੀ ਸੈਂਟਰਲ ਜੇਲ੍ਹ Central Jail of Muolmein (Myanmar)

ਅਲਾਹਾਬਾਦ ਦਾ ਕਿਲ੍ਹਾ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੇਵਕ ਨਾਨੂੰ ਸਿੰਘ, ਸ੍ਰ. ਮੰਗਲ ਸਿੰਘ ਗਰੇਵਾਲ ਅਤੇ ਦਸਾਂ ਸੂਬਿਆਂ ਸਮੇਤ 19 ਜਨਵਰੀ 1872 ਈ: ਨੂੰ ਇਥੇ ਪੁੱਜੇ । ਸ੍ਰੀ ਸਤਿਗੁਰੂ ਜੀ ਸੇਵਕ ਨਾਨੂੰ ਸਿੰਘ ਸਮੇਤ 10 ਮਾਰਚ ਸਵੇਰੇ ਰੇਲ ਤੇ ਅਲਾਹਾਬਾਦ ਤੋਂ ਕਲਕੱਤੇ ਅਤੇ ਕਲਕੱਤੇ ਤੋਂ ਸਮੁੰਦਰੀ ਜਹਾਜ ਰਾਹੀਂ 11 ਮਾਰਚ ਨੂੰ ਚੱਲ ਕੇ 16 ਮਾਰਚ ਨੂੰ ਰੰਗੂਨ ਪਹੁੰਚੇ। **ਰੰਗੂਨ:** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਸੇਵਕ ਨਾਨੂੰ ਸਿੰਘ 16 ਮਾਰਚ 1872 ਈ: ਤੋਂ 18 ਅਕਤੂਬਰ 1880 ਤੱਕ ਇਥੇ ਰਹੇ । ਪੰਜਾਬ ਵਿਚੋਂ ਕੂਕੇ ਸਿੰਘ ਇਸ ਸਮੇ ਦੌਰਾਨ ਭੇਸ ਬਦਲਕੇ ਭਾਰੀ ਮੁਸ਼ਕਿਲਾਂ ਝੱਲ ਕੇ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਆਉਂਦੇ ਰਹੇ ਅਤੇ ਸੰਗਤ ਦੇ ਨਾਮ ਹੁਕਮਨਾਮੇ ਲੈ ਕੇ ਮੁੜਦੇ ਰਹੇ । ਪੰਜਾਬ ਨਾਲੋਂ ਸਤਿਗੁਰੂ ਜੀ ਦੇ ਸੰਪਰਕ ਤੋੜਨ ਲਈ ਆਪਜੀ ਨੂੰ ਮਰਗੋਈ ਦੀ ਜੇਲ੍ਹ ਵਿਚ ਭੇਜ ਦਿਤਾ। **ਅਦਨ (ਯਮਨ ਦੇਸ਼) ਦਾ ਕਿਲ੍ਹਾ:** 24 ਮਾਰਚ 1873 ਈ: ਸੂਬਾ ਕਾਹਨ ਸਿੰਘ ਅਤੇ ਸੂਬਾ ਸਾਹਿਬ ਜੀ ਇਥੇ ਪੁੱਜੇ ਅਤੇ ਅਪ੍ਰੈਲ 1875 ਤੱਕ ਰਹੇ । **ਹਜਾਰੀ ਬਾਗ ਜੇਲ੍ਹ :** ਸੂਬਾ ਕਾਹਨ ਸਿੰਘ ਨਿਹੰਗ ਅਤੇ ਸੂਬਾ ਸਾਹਿਬ ਸਿੰਘ ਅਪ੍ਰੈਲ 1875 ਨੂੰ ਇਸ ਜੇਲ੍ਹ ਵਿਚ ਪੁੱਜੇ । **ਮੌਲਮੀਨ ਜੇਲ੍ਹ (ਬਰਮ੍ਹਾਂ):**ਸੂਬਾ ਜਵਾਹਰ ਸਿੰਘ, ਲੱਖਾ ਸਿੰਘ ਅਤੇ ਬ੍ਰਹਮਾ ਸਿੰਘ ਇਖੇ 30 ਦਸੰਬਰ 1872 ਈ: ਨੂੰ ਪੁੱਜੇ । **ਚੁਨਾਰ ਦਾ ਕਿਲ੍ਹਾ :** ਸੂਬਾ ਮਾਨ ਸਿੰਘ, ਸੂਬਾ ਹੁਕਮਾ ਸਿੰਘ 1872 ਈ. ਤੋ ਹੀ ਇਸ ਜੇਲ੍ਹ ਵਿਚ ਕੈਦ ਸਨ । **ਅਸੀਰਗੜ੍ਹ:** ਸੂਬਾ ਰੂੜ ਸਿੰਘ, ਮਲੂਕ ਸਿੰਘ ਤੇ ਪਹਾੜਾ ਸਿੰਘ 15 ਦਸੰਬਰ 1872 ਈ: ਤੋਂ ਇੱਥੇ ਕੈਦ ਸਨ। **ਮੁਲਤਾਨ (ਪਾਕਿਸਤਾਨ):** ਬਾਬਾ ਗੁਰਚਰਨ ਸਿੰਘ, ਸੁਆਮੀ ਤਖਤ ਸਿੰਘ, ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤਾ । **ਲਾਹੌਰ :** ਦੀਵਾਨ ਬੂਟਾ ਸਿੰਘ, ਬਿਸ਼ਨ ਸਿੰਘ ਸੁਨਿਆਰਾ (30 ਅਗਸਤ 1871 ਨੂੰ ਫਾਂਸੀ) ਮਹਾਰਾਜ ਨਿਹਾਲ ਸਿੰਘ, ਸੰਤ ਨਿਧਾਨ ਸਿੰਘ ਆਲਿਮ । **ਬਹਾਦਰਗੜ੍ਹ (ਪਟਿਆਲਾ) :** ਬੀਬੀ ਇੰਦ ਕੌਰ, ਬੀਬੀ ਖੇਮ ਕੌਰ, ਮਾਈ ਅਤਰੀ, ਮਾਤਾ ਜੀਵਨ ਕੌਰ, ਮਾਤਾ ਫਤਹਿ ਕੌਰ। **ਕਾਲੇ ਪਾਣੀ :** ਸ. ਲਹਿਣਾ ਸਿੰਘ, ਲਾਲ ਸਿੰਘ, ਭਗਵਾਨ ਸਿੰਘ, ਅਲਬੇਲ ਸਿੰਘ, ਗਿਆਨ ਸਿੰਘ ਮਿਹਰ ਸਿੰਘ, ਧੌਕਲ ਸਿੰਘ ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ

ਨਾਮਧਾਰੀ ਪੰਥ ਦੇ ਬਾਨੀ, ਧਰਮ ਰਖਿਅਕ, ਸਮਾਜ ਸੁਧਾਰਕ, ਭਾਰਤ ਦੀ ਜੰਗੇ ਅਜਾਦੀ ਦੇ ਮੋਢੀ
ਨਾ ਮਿਲਵਰਤਣ ਅਤੇ ਸਵਦੇਸ਼ੀ ਲਹਿਰ ਦੇ ਬਾਨੀ

Sri Satguru Ram Singh Ji Maharaj

The founder of Namdhari Sect, harbinger of religion, social reformer, pioneer
to introduce the doctrine of Non-Cooperation and Swadeshi Movement for the freedom of India



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ

ਨਾਮਧਾਰੀ ਪੰਥ ਦੇ ਬਾਨੀ, ਧਰਮ ਰਖਿਅਕ, ਸਮਾਜ ਸੁਧਾਰਕ, ਭਾਰਤ ਦੀ ਜੰਗੇ ਅਜਾਦੀ ਦੇ ਮੋਢੀ
ਨਾ ਮਿਲਵਰਤਣ ਅਤੇ ਸਵਦੇਸ਼ੀ ਲਹਿਰ ਦੇ ਬਾਨੀ

Sri Satguru Ram Singh Ji Maharaj

The founder of Namdhari Sect, harbinger of religion, social reformer, pioneer
to introduce the doctrine of Non-Cooperation and Swadeshi Movement for the freedom of India